# ਕੋਵਿਡ–19 ਅਤੇ ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਦੀ ਜਾਣਕਾਰੀ ਲਈ ਗਾਈਡ

## COVID-19 & Children with Medical Complexity Information Guide

ਨਵੰਬਰ 17, 2020

**ਇਹ ਨਿਰਦੇਸ਼ ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਦੇ ਪਰਵਾਰਾਂ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੀ ਟੀਮ ਲਈ ਹਨ, ਅਤੇ ਇਹ ਨਿਰਦੇਸ਼ 10 ਨਵੰਬਰ 2020 ਤੱਕ ਮਿਲੇ ਸਬੂਤਾਂ ਤੇ ਆਧਾਰਤ ਹਨ।**

**ਇਹ ਦਸਤਾਵੇਜ਼ ਹੇਠ ਲਿਖੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਦੁਆਰਾ ਬਣਾਇਆ ਅਤੇ ਸਮੀਖਿਆ ਕੀਤੀ ਗਈ:**

- ਬੀ.ਸੀ. ਬੱਚਿਆਂ ਦਾ ਹਸਪਤਾਲ (ਪੇਚੀਦਾ ਦੇਖਭਾਲ, ਬਾਇਓਕੈਮੀਕਲ ਬਿਮਾਰੀਆਂ, ਸਾਹ ਸਬੰਧੀ ਬਿਮਾਰੀਆਂ, ਦਿਮਾਗ਼ੀ ਬਿਮਾਰੀਆਂ, ਇੰਟਰਵੈਨਸ਼ਨਲ ਰੇਡਿਆਲੋਜੀ, ਛੂਤ ਦੀਆਂ ਬਿਮਾਰੀਆਂ)
- ਸੰਨੀ ਹਿਲ ਨਿਯੂਰੋਮੋਟਰ (Sunny Hill Neuromotor)
- ਕੈਨਕ ਪਲੇਸ (Canuck Place)
- ਭਾਈਚਾਰੇ ਵਿਚ ਬੱਚਿਆਂ ਦੇ ਡਾਕਟਰ (Community pediatricians)

-

**ਕੀ ਤੁਹਾਡੇ ਬੱਚੇ ਨੂੰ ਕੋਈ ਪੇਚੀਦਾ ਬਿਮਾਰੀ ਹੈ? ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਵਿਚ ਇਹ ਲੱਛਣ ਹੁੰਦੇ ਹਨ:**

- ਪੁਰਾਣੀਆਂ ਬਿਮਾਰੀਆਂ ਜੋ ਸਰੀਰ ਦੇ ਕਈ ਅੰਗਾਂ ਤੇ ਅਸਰ ਕਰਦੀਆਂ ਹਨ ਅਤੇ ਉਨ੍ਹਾਂ ਲਈ ਲਗਾਤਾਰ ਇਲਾਜ ਦੀ ਲੋੜ ਹੁੰਦੀ ਹੈ
- ਰੋਜ਼ਾਨਾ ਦੀ ਜ਼ਿੰਦਗੀ ਲਈ ਟੈਕਨਾਲੋਜੀ ਉੱਤੇ ਨਿਰਭਰ ਹੋਣਾ (ਜਿਵੇਂ ਕਿ ਖਾਣੇ ਲਈ ਟਿਊਬ)
- ਸਿਹਤ ਸੰਭਾਲ ਦੇ ਸਰੋਤਾਂ ਦੀ ਜ਼ਿਆਦਾ ਜ਼ਰੂਰਤ (ਜਿਵੇਂ ਕਿ ਕਈ ਵਿਸ਼ੇਸ਼ੱਗ)
- ਉਹ ਪਰਵਾਰ ਜਿਨ੍ਹਾਂ ਨੂੰ ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਦੀ ਦੇਖਭਾਲ ਲਈ ਸਹਾਇਤਾ ਦੀ ਲੋੜ ਹੁੰਦੀ ਹੈ (ਜਿਵੇਂ ਕਿ ਘਰ ਵਿਚ ਸਹਾਇਤਾ)

* ਹੋਰ ਬਿਮਾਰੀਆਂ ਵਾਲੇ ਬੱਚਿਆਂ ਲਈ ਉਚਿੱਤ ਜਾਣਕਾਰੀ ਬਿਮਾਰੀਆਂ ਕੰਟਰੋਲ ਕਰਨ ਵਾਲੇ ਬੀ.ਸੀ ਸੈਂਟਰ (ਬੀ.ਸੀ.ਸੀ.ਡੀ.ਸੀ) ਦੇ http://covid-19.bccdc.ca/. ਤੇ ਮਿਲ ਸਕਦੀ ਹੈ।

**ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਦੇ ਪਰਵਾਰ ਕੋਵਿਡ-19 ਬਾਰੇ ਜਾਣਕਾਰੀ ਕਿੱਥੋਂ ਲੈਣ:**
ਬ੍ਰਿਟਿਸ਼ ਕੋਲੰਬੀਆ ਵਿਚ ਨਾਵਲ ਕੋਰੋਨਾਵਾਇਰਸ (ਕੋਵਿਡ-19) ਬਾਰੇ ਆਧੁਨਿਕ/ਨਵੀਨ ਜਾਣਕਾਰੀ ਲਈ ਬੀ.ਸੀ.ਸੀ.ਡੀ.ਸੀ. ਦੀ ਵੈੱਬਸਾਈਟ www.bccdc.ca. ਸਭ ਤੋਂ ਵਧੀਆ ਸਰੋਤ ਹੈ।

**ਐਮਰਜੈਂਸੀ ਪਲੈਨ:** ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਐਮਰਜੈਂਸੀ ਲਈ ਪਲੈਨ ਬਣਾ ਕੇ ਰੱਖੋ। ਮਿਸਾਲ ਵਜੋਂ, ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲਾ ਮੁੱਖ ਕਰਮਚਾਰੀ ਬਿਮਾਰ ਹੋ ਜਾਏ ਤਾਂ ਕੀ ਕਰਨਾ ਹੈ। ਇਹ MyBooklet BC ਕਿਤਾਬਚਾ ਪਲੈਨ ਬਣਾਉਣ ਅਤੇ ਉਸ ਵਿਚ ਲਗਾਤਾਰ ਤਬਦੀਲੀਆਂ ਕਰਨ ਲਈ ਇੱਕ ਚੰਗਾ ਸਰੋਤ ਹੈ।

**ਪਰਵਾਰ ਲਈ ਸਹਾਇਤਾ ਦੇ ਸਰੋਤ:**
ਕੋਵਿਡ-19 ਪੈਂਡੇਮਿਕ ਹਰ ਇੱਕ ਨੂੰ ਕਿਸੇ ਨਾ ਕਿਸੇ ਤਰੀਕੇ ਅਸਰ ਕਰ ਰਿਹਾ ਹੈ। ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਦੇ ਪਰਵਾਰਾਂ ਲਈ ਇਹ ਖ਼ਾਸ ਕਰ ਮੁਸ਼ਕਲ ਦਾ ਸਮਾਂ ਹੈ। ਇਨ੍ਹਾਂ ਨਿਰਦੇਸ਼ਾਂ ਤੋਂ ਇਲਾਵਾ ਸਕੂਲਾਂ ਅਤੇ/ਜਾਂ ਤੁਹਾਡੇ ਭਾਈਚਾਰੇ ਵਿਚ ਹੋਰ ਵੀ ਕਈ ਸਰੋਤ ਅਤੇ ਸਹਾਇਤਾ ਹਨ ਜਿੱਥੋਂ ਤੁਹਾਨੂੰ ਮਦਦ ਮਿਲ ਸਕਦੀ ਹੈ। ਉਨ੍ਹਾਂ ਵਿਚ ਇਹ ਸ਼ਾਮਲ ਹਨ:

- ਬੀ.ਸੀ. ਦੀ ਪਰਵਾਰਕ ਮਦਦ ਵਾਲੀ ਸੰਸਥਾ ਦੀ ਵੈੱਬਸਾਈਟ: Family Support Institute of BC
- ਬਹੁਤ ਘੱਟ ਹੋਣ ਵਾਲੀਆਂ ਬਿਮਾਰੀਆਂ ਦੀ ਫ਼ਾਉਂਡੇਸ਼ਨ ਦੀ ਵੈੱਬਸਾਈਟ: Rare Disease Foundation
- ਕੈਨਚਾਈਲਡ ਵੈੱਬਸਾਈਟ: CanChild
- ਖ਼ਾਸ ਲੋੜਾਂ (ਸੀ.ਵਾਈ.ਐੱਸ. ਐੱਨ) ਵਾਲੇ ਬੱਚੇ ਅਤੇ ਨੌਜਵਾਨ ਲਈ ਸਮਾਜਕ ਸਹਾਇਕ (ਸੋਸ਼ਲ ਵਰਕਰ), ਜੇ ਤੁਹਾਡਾ ਬੱਚਾ ਗਰਦੇ ਪ੍ਰੋਗਰਾਮ **At Home Program** ਦਾ ਹਿੱਸਾ ਹੈ।
- ਪਰਵਾਰ ਦੀ ਸਹਾਇਤਾ ਲਈ ਇੱਕ ਮਦਦਗਾਰ, ਜੇ ਤੁਹਾਡਾ ਬੱਚਾ local centre for development ਦਾ ਹਿੱਸਾ ਹੈ।
- ਇੱਕ ਐਫਿਲੀਏਟਿਡ ਸਮਾਜਕ ਸਹਾਇਕ, ਜੇ ਤੁਹਾਡਾ ਬੱਚਾ ਬੀ.ਸੀ. ਬੱਚਿਆਂ ਦੇ ਹਸਪਤਾਲ (ਬੀ.ਸੀ.ਸੀ.ਐੱਚ) ਦੇ ਕਈ ਵਿਭਾਗਾਂ (multi-disciplinary) ਦਾ ਹਿੱਸਾ ਹੈ।
- ਐਂਗਜ਼ਾਈਟੀ ਕੈਨੇਡਾ ਦੀ ਵੈੱਬਸਾਈਟ: Anxiety Canada: Coping with COVID-19
- ਕੈਲਟੀ ਮੈਂਟਲ ਹੈਲਥ ਦੀ ਵੈੱਬਸਾਈਟ: Kelty Mental Health
- ਲ਼ੋਕਲ ਧਾਰਮਿਕ ਜਥੇਬੰਦੀ ਅਤੇ/ਜਾਂ ਭਾਈਚਾਰਾ
- ਸਕੂਲ ਟੀਮਾਂ School teams
- ਤੁਹਾਡੇ ਆਂਢੀ ਗੁਆਂਢੀ ਜਾਂ ਭਾਈਚਾਰਕ ਸੈਂਟਰ

- ਬੀ.ਸੀ. ਵਿਚ ਕੋਵਡ-19 ਪੈਂਡੇਮਿਕ ਦੇ ਪਹਿਲੇ 6 ਮਹੀਨਿਆਂ ਦੌਰਾਨ ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਵਿਚ ਬਿਮਾਰੀ ਦੀ ਉਹੀ ਦਰ ਸੀ ਜੋ ਪੇਚੀਦਾ ਬਿਮਾਰੀਆਂ ਤੋਂ ਬਿਨਾਂ ਬੱਚਿਆਂ ਵਿਚ ਸੀ (ਜੋ ਦਰ ਬਾਲਗਾਂ ਨਾਲੋਂ ਘੱਟ ਸੀ)।

## ਪੇਚੀਦਾ ਬਿਮਾਰੀਆਂ ਵਾਲੇ ਬੱਚੇ ਅਤੇ ਸਕੂਲ Children with medical complexity and school

- **ਕੀ ਪੇਚੀਦਾ ਬਿਮਾਰੀ ਵਾਲੇ ਬੱਚਿਆਂ ਨੂੰ ਸਕੂਲ ਜਾਣਾ ਚਾਹੀਦਾ ਹੈ?** ਪੈਂਡਿਮਿਕ ਦੌਰਾਨ ਹਰ ਇੱਕ ਬੱਚੇ ਨੂੰ ਪੜ੍ਹਾਈ ਦਾ ਹੱਕ ਹੈ। ਕੀ ਤੁਹਾਡੇ ਬੱਚੇ ਨੂੰ ਸਕੂਲ ਜਾਣਾ ਚਾਹੀਦਾ ਹੈ ਕਿ ਨਹੀਂ ਇਹ ਵਿਸ਼ੇਸ਼ੱਗ ਦੀ ਸਲਾਹ ਅਨੁਸਾਰ ਤੁਹਾਡਾ ਜ਼ਾਤੀ ਫ਼ੈਸਲਾ ਹੈ। ਇਸ ਸਮੇਂ ਬੱਚੇ ਨੂੰ ਸਕੂਲ ਭੇਜਣ ਵਿਚ ਬੀ.ਸੀ. ਅੰਦਰ ਮੁਕਾਬਲਤਨ ਘੱਟ ਖ਼ਤਰਾ ਹੈ। ਸਕੂਲ ਭੇਜਣ ਵਿਚ ਤੁਹਾਡੇ ਬੱਚੇ ਨੂੰ ਕਾਫੀ ਫ਼ਾਇਦੇ ਹਨ ਜਿਸ ਵਿਚ ਆਪਸੀ ਮੇਲ ਮਿਲਾਪ, ਮਾਪਿਆਂ ਲਈ ਕੰਮ ਕਰਨ ਦੀ ਯੋਗਤਾ, ਸਕੂਲ ਵਿਚ ਸਪੈਸ਼ਲ ਸੇਵਾਵਾਂ ਅਤੇ ਸਾਮਾਨ ਸੌਖੇ ਮਿਲ ਸਕਦੀਆਂ ਹਨ। ਜੇ ਪਿਛਲੇ ਸਾਲਾਂ ਵਿਚ ਤੁਸੀਂ ਬੱਚੇ ਨੂੰ ਫਲੂ ਦੇ ਸਮੇਂ ਭੇਜਦੇ ਰਹੇ ਹੋ ਤਾਂ ਇਸ ਸਾਲ ਵੀ ਸਕੂਲ ਭੇਜਣ ਵਿਚ ਕੋਈ ਹਰਜ ਨਹੀਂ। ਅਸੀਂ ਸਾਰੀਆਂ ਸਬੰਧਿਤ ਪਾਰਟੀਆਂ ਨੂੰ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਵਿਚ ਮਦਦ ਕਰਨ ਅਤੇ ਇਸ ਪੈਂਡਿਮਿਕ ਦੇ ਸਮੇਂ ਸਹਾਇਤਾ (ਜਿਵੇਂ ਕਿ ਥੈਰਪੀ ਸੇਵਾਵਾਂ) ਕਰਨ ਲਈ ਪ੍ਰੇਰਦੇ ਹਾਂ। ਸਕੂਲਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ here. ਉਪਲਬਧ ਹੈ।
- **ਪੇਚੀਦਾ ਬਿਮਾਰੀਆਂ ਵਾਲੇ ਬੱਚੇ ਜੋ ਸਕੂਲ ਨਹੀਂ ਜਾ ਰਹੇ ਉਨ੍ਹਾਂ ਦਾ ਨਰਸ ਦੁਆਰਾ ਦੇਖਭਾਲ ਦਾ ਸਮਾਂ:** ਨਰਸਿੰਗ ਸਹਾਇਤਾ ਸੇਵਾਵਾਂ ਅਨੁਸਾਰ ਜਿਨ੍ਹਾਂ ਬੱਚਿਆਂ ਦਾ ਸਕੂਲ ਵਿਚ ਨਰਸਿੰਗ ਸਮੇਂ ਦੇ ਨਾਲ ਘਰ ਵਿਚ ਨਰਸਿੰਗ ਦਾ ਸਮਾਂ ਵੀ ਹੈ ਉਨ੍ਹਾਂ ਦਾ ਸਕੂਲ ਦੇ ਸਮੇਂ ਸਕੂਲ ਵਿਚ ਨਰਸਿੰਗ ਦਾ ਸਮਾਂ ਘਰ ਵਿਚ ਤਬਦੀਲ ਹੋ ਸਕਦਾ ਹੈ। ਇਹ ਉਨ੍ਹਾਂ ਬੱਚਿਆਂ ਲਈ ਲਾਗੂ ਨਹੀਂ ਜਿਨ੍ਹਾਂ ਦਾ ਸਿਰਫ਼ ਘਰ ਵਿਚ ਹੀ ਨਰਸਿੰਗ ਦਾ ਸਮਾਂ ਹੈ ਅਤੇ ਨਾ ਹੀ ਉਨ੍ਹਾਂ ਬੱਚਿਆਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੂੰ ਸਕੂਲ ਦਾ ਸਮਾਂ ਕਿਸੇ ਵਲੋਂ ਦਿੱਤਾ ਗਿਆ ਹੈ।
- **ਬਚਿਆਂ ਲਈ ਸਰੋਤ:** Canuck Place School ਵੈਨਕੂਵਰ ਸਕੂਲ ਬੋਰਡ ਦਾ ਇਹ ਬਲਾਗ ਦੇਖੋ: https://blogs.vsb.bc.ca/cpch/category/back-to-school-2020/

## ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਲਈ ਕੋਵਿਡ-19 ਦੇ ਟੈੱਸਟ ਲਈ COVID-19 testing for children with medical complexity

- **ਕਿਵੇਂ:** ਪੇਚੀਦਾ ਬਿਮਾਰੀਆਂ ਵਾਲੇ ਬੱਚੇ ਚੁਲੀਆਂ ਕਰਨੀਆਂ ਜਾਂ ਗਰਾਰੇ ਕਰਨੇ ਸ਼ਾਇਦ ਸਰੀਰਕ ਤਾਲਮੇਲ ਘੱਟ ਹੋਣ ਕਾਰਨ ਨਾ ਕਰ ਸਕਣ। ਹੋਰ ਜ਼ਿਆਦਾ ਜਾਣਕਾਰੀ ਲਈ ਬੀ.ਸੀ.ਸੀ.ਡੀ.ਸੀ. ਦੀ ਇਹ ਵੈੱਬਸਾਈਟ ਦੇਖੋ: http://www.bccdc.ca/health-info/diseases-conditions/covid-19/testing/children-youth
- **ਕਿੱਥੇ:** ਪੇਚੀਦਾ ਬਿਮਾਰੀਆਂ ਵਾਲੇ ਬੱਚਿਆਂ ਲਈ ਇਹ ਚੰਗਾ ਹੈ ਕਿ ਉਹ ਆਪਣੀ ਟੈੱਸਟਿੰਗ ਐਮਰਜੈਂਸੀ ਵਿਭਾਗ* ਵਿਚ ਕਰਵਾਉਣ ਕਿਉਂਕਿ ਐਸੇ ਬੱਚੇ ਕਿਸੇ ਵਾਇਰਸ ਤੋਂ ਬਿਮਾਰ ਹੋ ਸਕਦੇ ਹਨ ਅਤੇ ਟੈੱਸਟਿੰਗ ਸੈਂਟਰ ਵਿਚ ਇਸ ਦੀ ਪਹਿਚਾਣ ਅਤੇ ਮਦਦ ਦੀ ਸਮਰੱਥਾ ਨਹੀਂ ਹੁੰਦੀ। ਹਸਪਤਾਲ ਵਾਰਡ ਨਾਲ ਜੁੜੇ ਬੱਚਿਆਂ ਦੇ ਖ਼ਾਸ ਮੁਲਾਂਕਣ ਕੇਂਦਰਾਂ ਵਿਚ ਟੈੱਸਟ ਕਰਨ ਦੀ ਕੁੱਝ ਸੈਂਟਰਾਂ ਵਿਚ ਟੈੱਸਟਿੰਗ ਦੀ ਸਮਰੱਥਾ ਹੁੰਦੀ ਹੈ। ਜੇ ਬੱਚੇ ਨੂੰ ਟੈੱਸਟਿੰਗ ਦੀ ਲੋੜ ਹੋਵੇ ਤਾਂ ਆਮ ਤੌਰ ਤੇ ਲੋਕਲ ਬੱਚਿਆਂ ਦਾ ਡਾਕਟਰ ਇਨ੍ਹਾਂ ਸੈਂਟਰਾਂ ਵਿਚ ਸਹਾਇਤਾ ਲਈ ਉਪਲਬਧ ਹੁੰਦਾ ਹੈ। *ਕਿਰਪਾ ਕਰਕੇ "ਐਮਰਜੈਂਸੀ ਵਿਭਾਗ ਵਿਚ ਬਹੁਤ ਜ਼ਰੂਰੀ ਮੁਲਾਕਾਤ" ਹੇਠਲੇ ਸੈਕਸ਼ਨ ਵਿਚ ਦੇਖੋ।
- **ਕੌਣ:** ਤੁਸੀਂ ਬੀ.ਸੀ. ਦੀ ਆਨਲਾਈਨ https://bc.thrive.health/ ਸੇਵਾ ਦੀ ਵਰਤੋਂ ਨਾਲ ਇਹ ਪਤਾ ਕਰ ਸਕਦੇ ਹੋ ਕਿ ਤੁਹਾਡੇ ਬੱਚੇ ਦੀ ਹੋਰ ਜਾਂਚ ਪੜਤਾਲ ਜਾਂ ਕੋਵਿਡ-19 ਦੇ ਟੈੱਸਟ ਦੀ ਲੋੜ ਹੈ ਕਿ ਨਹੀਂ। ਸੂਬਾਈ ਹੈਲਥ ਲਾਈਨ ਨੂੰ 811 ਤੇ ਫ਼ੋਨ ਕਰ ਕੇ ਤੁਸੀਂ ਸਲਾਹ ਲੈ ਸਕਦੇ ਹੋ ਕਿ ਤੁਹਾਡੇ ਬੱਚੇ ਨੂੰ ਸਿਹਤ ਸੰਭਾਲ ਕਰਨ ਵਾਲੇ ਦੁਆਰਾ ਜਾਂਚ ਪੜਤਾਲ ਕਰਨ ਦੀ ਲੋੜ ਹੈ ਕਿ ਨਹੀਂ।

## ਇਨਫਲੂਐਂਜ਼ਾ (ਫ਼ਲੂ) ਅਤੇ ਹੋਰ ਇਮਿਊਨਾਈਜ਼ੇਸ਼ਨ Influenza (flu) and other immunizations

- ਪੇਚੀਦਾ ਬਿਮਾਰੀ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਲਈ ਇਨਫਲੂਐਂਜ਼ਾ (ਫ਼ਲੂ) ਦੀ ਇਮਿਊਨਾਈਜ਼ੇਸ਼ਨ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ।

- ਬੀ.ਸੀ.ਸੀ.ਡੀ.ਸੀ. ਸਿਫ਼ਾਰਸ਼ ਕਰਦੀ ਹੈ ਕਿ ਪੇਚੀਦਾ ਬਿਮਾਰੀ ਵਾਲੇ ਬੱਚਿਆਂ ਦੀ ਬਚਪਨ ਦੀ ਇਮਿਊਨਾਈਜ਼ੇਸ਼ਨ ਚਲੰਤ ਰੱਖੀ ਜਾਏ ਜਦ ਤੱਕ ਸਿਹਤ ਵਿਸ਼ੇਸ਼ੱਗ ਵੱਲੋਂ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਲਈ ਨਾ ਕਿਹਾ ਹੋਵੇ।
- ਜਿਨ੍ਹਾਂ ਬੱਚਿਆਂ ਨੂੰ ਸਾਹ ਦੀ ਬਿਮਾਰੀ ਦਾ ਜ਼ਿਆਦਾ ਖ਼ਤਰਾ ਹੈ ਉਨ੍ਹਾਂ 2 ਸਾਲ ਦੇ ਬੱਚਿਆਂ ਲਈ ਨਿਊਮੋਕੋਕਲ ਪੌਲੀਸੈਕਰਾਈਡ (Pneu-P-23 ਵੈਕਸੀਨ) ਦੀ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ 5 ਸਾਲਾਂ ਬਾਅਦ ਇੱਕ ਬੂਸਟਰ ਖ਼ੁਰਾਕ ਦੀ। ਇਹ ਉਨ੍ਹਾਂ ਲਈ ਮੁਫ਼ਤ ਹੈ ਜੋ ਕਿਸੇ ਵੀ ਹੈਲਥ ਕਲੀਨਿਕ ਜਾਂ ਫ਼ਾਰਮੇਸੀ ਵਿਚ ਮਾਪ ਦੰਡ ਤੇ ਪੂਰੇ ਉੱਤਰਦੇ ਹਨ। ਹੋਰ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ ਹੈਲਥਲਿੰਕ ਬੀ.ਸੀ. ਦੀ https://www.healthlinkbc.ca/healthlinkbc-files/pneumococcal-polysaccharide-vaccine ਵੈੱਬਸਾਈਟ ਦੇਖੋ।
- ਬੀ.ਸੀ.ਸੀ.ਐੱਚ ਪਰਵਾਰਕ ਇਮਿਊਨਾਈਜ਼ੇਸ਼ਨ ਕਲੀਨਿਕ ਤੁਹਾਡੇ ਬੱਚੇ ਅਤੇ ਪਰਵਾਰ ਦੀ ਮੁਲਾਕਾਤ ਰਜਿਸਟਰ ਕਰਨ ਲਈ ਉਪਲਬਧ ਹੈ http://www.bcchildrens.ca/our-services/clinics/family-immunization।
- ਤੁਹਾਡੀ ਲੋਕਲ public health units ਤੇ ਵੀ ਤੁਹਾਡੇ ਬੱਚੇ ਨੂੰ ਇਮਿਊਨਾਈਜ਼ੇਸ਼ਨ ਮਿਲ ਸਕਦੀ ਹੈ।

## ਡਾਕਟਰੀ ਮੁਲਾਕਾਤ-ਬੱਚੇ ਨਾਲ ਕਿੰਨੇ ਲੋਕ ਜਾ ਸਕਦੇ ਹਨ? Medical appointments - How many people can accompany your child?

- ਆਮ ਤੌਰ ਤੇ ਤੁਹਾਡੇ ਭਾਈਚਾਰੇ ਵਾਲੇ ਕਲੀਨਿਕ ਵਿਚ ਵੀ ਹਰ ਇੱਕ ਨੂੰ ਕੋਵਿਡ-19 ਤੋਂ ਸੁਰੱਖਿਅਤ ਰੱਖਣ ਦੀ ਯੋਜਨਾ ਹੋਵੇਗੀ। ਕਿਰਪਾ ਕਰ ਕੇ ਆਪਣੇ ਬੱਚਿਆਂ ਵਾਲੇ ਕਲੀਨਿਕ ਵਿਚ ਚੈੱਕ ਕਰੋ ਅਤੇ ਪਹਿਲਾਂ ਹੀ ਵਿਚਾਰ ਵਿਮਰਸ਼ ਕਰੋ ਜੇ ਤੁਹਾਡੇ ਪਰਵਾਰ ਨੂੰ ਕਿਸੇ ਖ਼ਾਸ ਬੰਦੋਬਸਤ ਦੀ ਲੋੜ ਹੈ।
- ਬੀ.ਸੀ.ਸੀ.ਐੱਚ ਵਿਚ ਕਲੀਨਿਕ ਮੁਲਾਕਾਤਾਂ ਲਈ ਇੱਕ ਮਰੀਜ਼ ਨਾਲ ਇੱਕ ਬਾਲਗ ਅਤੇ ਇੱਕ ਸੇਵਾ ਸੰਭਾਲ ਕਰਨ ਵਾਲੇ ਦੀ ਸੀਮਾ ਹੈ।
  - ਜੇ ਤੁਹਾਨੂੰ ਬੱਚੇ ਨਾਲ **ਇੱਕ** ਤੋਂ ਜ਼ਿਆਦਾ ਵਿਅਕਤੀਆਂ ਦੀ ਜ਼ਰੂਰਤ ਹੈ ਤਾਂ ਇਸ ਲਈ ਮੁਲਾਕਾਤ ਦੀ ਨਿਸ਼ਚਿਤ ਕਰਨ ਸਮੇਂ ਬੇਨਤੀ ਕਰ ਸਕਦੇ ਹੋ।
  - ਜ਼ਿਆਦਾਤਰ ਮੁਲਾਕਾਤਾਂ ਵਰਚੁਅਲੀ ਜਾਂ ਫ਼ੋਨ ਰਾਹੀਂ ਹੀ ਕੀਤੀਆਂ ਜਾਂਦੀਆਂ ਹਨ। ਜੇ ਕਰ ਸਰੀਰਕ ਮੁਆਇਨੇ ਜਾਂ ਨਿਜੀ ਮੁਲਾਕਾਤ ਦੀ ਲੋੜ ਹੋਵੇ ਤਾਂ ਇਹ ਬੀ.ਸੀ.ਸੀ.ਐੱਚ ਵਿਚ ਹੀ ਹੋਵੇਗਾ।
  - ਨਵੀਨਤਮ ਜਾਣਕਾਰੀ ਇਸ ਵੈੱਬਸਾਈਟ ਤੇ ਉਪਲਬਧ ਹੈ: http://www.bcchildrens.ca/our-services/your-visit/planning-your-visit

## ਐਮਰਜੈਂਸੀ ਵਿਭਾਗ ਜਾਂ ਲੋਕਲ, ਜ਼ਰੂਰੀ ਅਤੇ ਪ੍ਰਾਇਮਰੀ ਦੇਖਭਾਲ ਸੈਂਟਰ ਵਿਚ ਬਹੁਤ ਜ਼ਰੂਰੀ ਮੁਲਾਕਾਤ
Urgent visits to the emergency department or local urgent and primary care centre

- ਜੇ ਤੁਹਾਨੂੰ ਫ਼ਿਕਰ ਹੈ ਕਿ ਤੁਹਾਡੇ ਬੱਚੇ ਨੂੰ ਸ਼ਾਇਦ ਕੋਵਿਡ-19 ਹੈ ਤਾਂ ਉਸ ਲਈ ਇਹ ਕਰਨ ਦੀ ਲੋੜ ਹੈ:
  - ਜਾਂਚ ਪੜਤਾਲ ਐਮਰਜੈਂਸੀ ਵਿਭਾਗ/ਜ਼ਰੂਰੀ ਦੇਖਭਾਲ ਕੇਂਦਰ ਅਤੇ
  - ਹਵਾ ਵਾਰੇ ਤਰੀਕੇ (ਨਿਊਬੁਲਾਈਜ਼ਰ, ਲਗਾਤਾਰ ਹਵਾ ਦਾ ਦਬਾਅ, ਬਿਲੇਵਲ (bilevel) ਪਾਜ਼ਿਟਿਵ ਏਅਰਵੇ ਪ੍ਰੈਸ਼ਰ)
- ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਬੁਲਾਓ ਜੋ ਲੋਕਲ ਐਮਰਜੈਂਸੀ ਵਿਭਾਗ/ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ ਨੂੰ ਫ਼ੋਨ ਕਰ ਕੇ ਤੁਹਾਡੇ ਆਉਣ ਦੀ ਅਗਾਊਂ ਜਾਣਕਾਰੀ ਦੇ ਦੇਵੇਗਾ।
- ਜ਼ਿਆਦਾਤਰ ਐਮਰਜੈਂਸੀ ਵਿਭਾਗ ਇੱਕ ਬੱਚੇ ਨਾਲ ਇੱਕ ਵਿਅਕਤੀ ਦੀ ਹੀ ਇਜਾਜ਼ਤ ਦਿੰਦੇ ਹਨ। ਬੇਨਤੀ ਕਰਕੇ ਇਸ ਤੋਂ ਛੋਟ ਮਿਲ ਸਕਦੀ ਹੈ।

## ਅਚਾਨਕ/ ਬਹੁਤ ਜ਼ਰੂਰੀ ਗੈਸਟ੍ਰੋਜੇਜੁਨੋਸਟੋਮੀ (ਜੀ.ਜੇ) (gastrojejunostomy) ਟਿਊਬ ਬਦਲਣੀ:
Unplanned/urgent (GJ) tube changes:

ਜੀ.ਜੇ. ਦੇ ਕੰਮ ਠੀਕ ਨਾ ਕਰਨ ਕਰਕੇ ਅਚਾਨਕ ਜੀ.ਜੇ. ਟਿਊਬ ਬਦਲਣੀ ਪੈਂਦੀ ਹੈ:

- ਬੀ.ਸੀ.ਸੀ.ਐੱਚ ਤੇ:
  - ਆਮ ਦਿਨਾਂ ਨੂੰ ਸੁਬਾ 7:30 ਤੋਂ ਸ਼ਾਮ 3:30 ਤੱਕ, ਪਰਵਾਰ ਇੰਟਰਵੈਂਸ਼ਨਲ ਰੇਡੀਆਲੋਜੀ ਦੇ ਬੁਕਿੰਗ ਕਲਰਕ ਨੂੰ 604-875-2329 ext. 3 ਤੇ ਫ਼ੋਨ ਕਰਨ।

    - ਦਫ਼ਤਰ ਦੇ ਸਮੇਂ ਤੋਂ ਬਾਅਦ ਜਾਂ ਸਨਿਚਰ ਐਤਵਾਰ ਵਾਲੇ ਦਿਨ ਕਿਰਪਾ ਕਰ ਕੇ ਬੀ.ਸੀ.ਸੀ.ਐੱਚ ਦੇ ਐਮਰਜੈਂਸੀ ਵਿਭਾਗ ਵਿਚ ਜਾਓ।
- ਹੋਰ ਸਥਾਨਾਂ ਲਈ:
    - ਆਪਣੇ ਦੇਖਭਾਲ ਵਿਸ਼ੇਸ਼ੱਗ ਜਾਂ ਬੱਚਿਆਂ ਦੇ ਡਾਕਟਰ ਨਾਲ ਵਧੀਆ ਪਲੈਨ ਲਈ ਬੰਦੋਬਸਤ ਕਰੋ।

ਜੇ ਤੁਹਾਡੇ ਵਿਚ ਜਾਂ ਤੁਹਾਡੇ ਬੱਚੇ ਵਿਚ ਕੋਵਿਡ-19 ਦੇ ਲੱਛਣ ਹਨ ਜਾਂ ਕਿਸੇ ਕੋਵਿਡ-19 ਵਾਲੇ ਵਿਅਕਤੀ ਨਾਲ ਸੰਪਰਕ ਕਾਰਨ ਪਬਲਿਕ ਹੈਲਥ ਵੱਲੋਂ ਇਕਾਂਤਵਾਸ ਲਈ ਕਿਹਾ ਗਿਆ ਹੈ ਤਾਂ ਕਿਰਪਾ ਕਰ ਕੇ ਜਦ ਬੁਕਿੰਗ ਕਲਰਕ ਨੂੰ ਫ਼ੋਨ ਕਰੋ ਤਾਂ ਉਸ ਨੂੰ ਦੱਸੋ। ਇਸ ਨਾਲ ਉਹ ਜੀ.ਜੇ. ਟਿਊਬ ਐਸੇ ਤਰੀਕੇ ਬਦਲਣਗੇ ਜੋ ਸਭ ਲਈ ਸੁਰੱਖਿਅਤ ਹੋਵੇ।